# ਆਪਣੇ ਬੱਚੇ ਦੀ ਪੜ੍ਹਨ ਵਿੱਚ ਸਹਾਇਤਾ ਕਰਨੀ

## ਮਾਪਿਆਂ ਅਤੇ ਦੇਖਭਾਲਕਰਤਾਵਾਂ ਲਈ ਮੁੱਖ ਸੁਝਾਅ

ਆਪਣੇ ਬੱਚੇ ਨਾਲ ਪੜ੍ਹਨ ਨਾਲ ਤੁਹਾਨੂੰ ਇੱਕਠਿਆਂ ਖਾਸ ਸਮਾਂ ਮਿਲਦਾ ਹੈ ਅਤੇ ਤੁਹਾਡੇ ਬੱਚੇ ਦੇ ਭਾਸ਼ਾ ਦੇ ਹੁਨਰਾਂ ਅਤੇ ਕਲਪਨਾ ਦਾ ਵਿਕਾਸ ਕਰਨ ਵਿੱਚ ਮਦਦ ਕਰਦਾ ਹੈ, ਖੁਸ਼ੀਆਂ ਭਰੀਆਂ ਯਾਦਾਂ ਅਤੇ ਪੜ੍ਹਨ ਲਈ ਜੀਵਨ ਭਰ ਲਈ ਪਿਆਰ ਪੈਦਾ ਕਰਦਾ ਹੈ।

**ਮੈਂ ਆਪਣੇ ਬੱਚੇ ਦੀ ਪੜ੍ਹਨ ਵਿੱਚ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?**

ਤੁਹਾਡਾ ਬੱਚਾ ਆਮ ਤੌਰ ‘ਤੇ ਸਕੂਲ ਤੋਂ ਦੋ ਕਿਤਾਬਾਂ ਘਰ ਲਿਆਏਗਾ। ਇੱਕ ਤੁਹਾਡੇ ਬੱਚੇ ਵੱਲੋਂ ਤੁਹਾਨੂੰ ਪੜ੍ਹ ਕੇ ਸੁਣਾਉਣ ਲਈ ਹੈ। ਇਹ ਅਧਿਆਪਕ ਵੱਲੋਂ ਧਿਆਨਪੂਰਵਕ ਚੁਣੀ ਗਈ ਹੈ ਤਾਂ ਜੋ ਤੁਹਾਡਾ ਬੱਚਾ ਸਾਰੇ ਸ਼ਬਦਾਂ ਦਾ ਅਭਿਆਸ ਕਰ ਸਕੇ। ਇਸ ਨਾਲ ਉਨ੍ਹਾਂ ਨੂੰ ਪੜ੍ਹਨ ਬਾਰੇ ਸਿੱਖਣ ਵਿੱਚ ਮਦਦ ਮਿਲੇਗੀ।

ਦੂਜੀ ਕਿਤਾਬ, ਇੱਕ ਉੱਚੀ ਆਵਾਜ਼ ਵਿੱਚ ਪੜ੍ਹੀ ਜਾਣ ਵਾਲੀ ਕਿਤਾਬ ਹੈ ਜਿਸ ਵਿੱਚ ਅਜਿਹੇ ਸ਼ਬਦ ਹਨ ਜੋ ਹੋ ਸਕਦਾ ਹੈ ਕਿ ਤੁਹਾਡਾ ਬੱਚਾ ਅਜੇ ਪੜ੍ਹ ਨਾ ਸਕੇ। ਇਹ ਤੁਹਾਡੇ ਲਈ ਤੁਹਾਡੇ ਬੱਚੇ ਨਾਲ ਮਿਲ ਕੇ ਪੜ੍ਹਨ, ਆਨੰਦ ਲੈਣ ਅਤੇ ਇਸ ਬਾਰੇ ਗੱਲ ਕਰਨ ਲਈ ਹੈ।

**ਤੁਸੀਂ ਆਪਣੇ ਬੱਚੇ ਲਈ ਕਹਾਣੀ ਨੂੰ ਜਿਸ ਤਰ੍ਹਾਂ ਪੜ੍ਹਦੇ ਹੋ, ਉਸ ਨਾਲ ਅਸਲ ਵਿੱਚ ਮਦਦ ਮਿਲਦੀ ਹੈ**

ਜੇਕਰ ਤੁਹਾਨੂੰ ਪਹਿਲਾਂ ਸਮਾਂ ਮਿਲ ਸਕਦਾ ਹੈ, ਤਾਂ ਪਹਿਲਾਂ ਆਪਣੇ ਆਪ ਉੱਚੀ ਆਵਾਜ਼ ਵਿੱਚ ਪੜ੍ਹੋ ਕਿਤਾਬ ਪੜ੍ਹੋ, ਤਾਂ ਜੋ ਤੁਸੀਂ ਇਸ ਬਾਰੇ ਸੋਚ ਸਕੋ ਕਿ ਤੁਸੀਂ ਇਸਨੂੰ ਆਪਣੇ ਬੱਚੇ ਨਾਲ ਕਿਵੇਂ ਪੜ੍ਹਨ ਜਾ ਰਹੇ ਹੋ।

**ਆਪਣੀਆਂ ਮਨਪਸੰਦ ਕਹਾਣੀਆਂ ਨੂੰ ਵਾਰ-ਵਾਰ ਪੜ੍ਹੋ ਅਤੇ ਆਨੰਦ ਮਾਣੋ!**

ਅਤੇ..., ਆਪਣੀ ਸਥਾਨਕ ਲਾਇਬ੍ਰੇਰੀ ‘ਤੇ ਜਾਣਾ ਨਾ ਭੁੱਲੋ ਜਿੱਥੇ ਤੁਹਾਨੂੰ ਬੱਚਿਆਂ ਲਈ ਬਹੁਤ ਸਾਰੀਆਂ ਕਿਤਾਬਾਂ ਅਤੇ ਹਰ ਕਿਸੇ ਲਈ ਮੁਫਤ ਸਮਾਗਮਾਂ ਅਤੇ ਗਤੀਵਿਧੀਆਂ ਦਾ ਇੱਕ ਰੋਮਾਂਚਕ ਪ੍ਰੋਗਰਾਮ ਮਿਲੇਗਾ। ਲਾਇਬ੍ਰੇਰੀ ਸੇਵਾ ਇੱਕ ਮੁਫਤ ਸੇਵਾ ਹੈ; ਸ਼ਾਮਲ ਹੋਣ ਲਈ ਮੁਫ਼ਤ ਹੈ, ਕਿਤਾਬਾਂ ਉਧਾਰ ਲੈਣ ਲਈ ਮੁਫ਼ਤ ਹੈ ਅਤੇ ਕਿਤਾਬਾਂ ਦੀ ਦੇਰੀ ਨਾਲ ਵਾਪਸੀ ’ਤੇ ਕੋਈ ਖ਼ਰਚਾ ਨਹੀਂ ਵਸੂਲਿਆ ਜ਼ਾਂਦਾ।



# ਪਹਿਲੀ ਵਾਰ ਜਦੋਂ ਤੁਸੀਂ ਆਪਣੇ ਬੱਚੇ ਨਾਲ ਕਿਤਾਬ ਪੜ੍ਹਦੇ ਹੋ...

ਇਸਨੂੰ ਇੱਕ ਮਨਪ੍ਰਚਾਵੇ ਅਤੇ ਇੱਕ ਖਾਸ ਸ਼ਾਂਤ ਸਮਾਂ ਵਾਂਗ ਮਹਿਸੂਸ ਕਰੋ; ਜੁੜ ਕੇ ਬੈਠੋ ਤਾਂ ਜੋ ਤੁਸੀਂ ਦੋਵੇਂ ਕਿਤਾਬ ਦੇਖ ਸਕੋ।

ਬਹੁਤ ਜ਼ਿਆਦਾ ਰੁਕੇ ਬਿਨਾਂ ਪਹਿਲੀ ਵਾਰ ਸ਼ੁਰੂ ਤੋਂ ਆਖ਼ਰ ਤੱਕ ਪੂਰੀ ਕਹਾਣੀ ਪੜ੍ਹੋ। ਕਹਾਣੀ ਨੂੰ ਆਪਣਾ ਵਧੀਆ ਪ੍ਰਭਾਵ ਪਾਉਣ ਦਿਓ।

ਤੁਸੀਂ ਜੋ ਪੜ੍ਹਨ ਜਾ ਰਹੇ ਹੋ ਉਸ ਬਾਰੇ ਉਤਸੁਕਤਾ ਦਿਖਾਓ: 'ਇਹ ਕਿਤਾਬ ਦਿਲਚਸਪ ਲੱਗਦੀ ਹੈ। ਇਹ ਇੱਕ ਭੁਲੱਕੜ ਬੱਚੇ ਬਾਰੇ ਹੈ। ਮੈਂ ਇਹ ਜਾਣਨ ਲਈ ਉਤਸੁਕ ਹਾਂ ਕਿ ਉਹ ਕੀ ਭੁੱਲਦਾ ਹੈ...'

ਆਨੰਦ ਲੈ ਕੇ ਪੜ੍ਹੋ. ਜੇ ਤੁਸੀਂ ਇਸਦਾ ਆਨੰਦ ਨਹੀਂ ਮਾਣ ਰਹੇ ਹੋ, ਤਾਂ ਤੁਹਾਡਾ ਬੱਚਾ ਵੀ ਨਹੀਂ ਮਾਣੇਗਾ।

# ਅਗਲੀ ਵਾਰ ਜਦੋਂ ਤੁਸੀਂ ਕਿਤਾਬ ਪੜ੍ਹਦੇ ਹੋ...

ਆਪਣੇ ਬੱਚੇ ਨੂੰ ਵਕਫਾ ਲੈਣ ਦਿਓ, ਤਸਵੀਰਾਂ ਬਾਰੇ ਸੋਚੋ ਅਤੇ ਟਿੱਪਣੀ ਕਰੋ।

ਕਹਾਣੀਆਂ ਨੂੰ ਹੋਰਨਾਂ ਲੋਕਾਂ ਨਾਲ ਜੋੜੋ ਜਿਨ੍ਹਾਂ ਨੂੰ ਤੁਹਾਡਾ ਬੱਚਾ ਜਾਣਦਾ ਹੈ: 'ਆਹ! ਕੀ ਤੁਹਾਨੂੰ... ਵਿੱਚ ਡਰੈਗਨ ਯਾਦ ਹੈ? ਕੀ ਤੁਹਾਨੂੰ ਯਾਦ ਹੈ ਕਿ ਉਸ ਨਾਲ ਕੀ ਹੋਇਆ ਸੀ?'

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਕੁਝ ਸਮਝ ਨਹੀਂ ਆਇਆ, ਤਾਂ ਸਮਝਾਉਣ ਦੀ ਕੋਸ਼ਿਸ਼ ਕਰੋ: 'ਓਹ! ਮੈਨੂੰ ਲਗਦਾ ਹੈ ਕਿ ਇੱਥੇ ਜੋ ਹੋ ਰਿਹਾ ਹੈ ਉਹ ਇਹ ਹੈ ...'

ਆਪਣੇ ਬੱਚੇ ਨੂੰ ਉਨ੍ਹਾਂ ਹਿੱਸਿਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰੋ ਜੋ ਉਹ ਜਾਣਦੇ ਹਨ।

ਕਹਾਣੀ ਅਤੇ ਤਸਵੀਰਾਂ ਬਾਰੇ ਗੱਲਬਾਤ ਕਰੋ: 'ਮੈਂ ਹੈਰਾਨ ਹਾਂ ਕਿ ਉਸਨੇ ਅਜਿਹਾ ਕਿਉਂ ਕੀਤਾ?'; 'ਓਹ ਨਹੀਂ, ਮੈਨੂੰ ਉਮੀਦ ਹੈ ਕਿ ਉਹ ਅਜਿਹਾ ਨਹੀਂ ਕਰਨ ਜਾ ਰਹੀ...'; 'ਮੈਂ ਅਜਿਹਾ ਨਾ ਕੀਤਾ ਹੁੰਦਾ, ਕੀ ਤੁਸੀਂ ਕੀਤਾ ਹੁੰਦਾ?'

ਇਸ ਬਾਰੇ ਅਜ਼ਮਾਇਸ਼ ਲਈ ਸਵਾਲ ਪੁੱਛਣ ਤੋਂ ਬਚ ਕਿ ਤੁਹਾਡੇ ਬੱਚੇ ਨੂੰ ਕੀ ਯਾਦ ਹੈ।

ਕਹਾਣੀਆਂ ਨੂੰ ਆਪਣੇ ਸਾਂਝੇ ਤਜਰਬਿਆਂ ਨਾਲ ਜੋੜੋ: 'ਇਹ ਮੈਨੂੰ ਯਾਦ ਦੁਆਉਂਦਾ ਹੈ ਜਦੋਂ...'

ਬੱਚਿਆਂ ਨੂੰ ਇਹ ਦੱਸਣ ਤੋਂ ਬਚਾਅ ਕਰੋ ਕਿ ਕਹਾਣੀਆਂ ਪੜ੍ਹਨਾ ਉਨ੍ਹਾਂ ਲਈ ਚੰਗਾ ਹੈ।

we are child friendly Leeds

Leeds CITY COUNCIL

Leeds Libraries

ਹੋਰ ਜਾਣਨ ਲਈ ਮੈਨੂੰ ਸਕੈਨ ਕਰੋ!

Punjabi